## <u>ਪੋਸਟ ਗਰੈਜੂਏਟ ਫੈਸ਼ਨ ਡਿਜ਼ਾਇਨਿੰਗ ਵਿਭਾਗ ਵੱਲੋਂ ਸਰਟੀਫਿਕੇਟ ਵੰਡ ਸਮਾਰੋਹ ਦਾ ਆਯੋਜਨ</u>

ਅੰਮ੍ਰਿਤਸਰ 20 ਮਈ 2019, ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਪੋਸਟ ਗਰੈਜੂਏਟ ਵਿਭਾਗ ਫੈਸ਼ਨ ਡਿਜ਼ਾਇਨਿੰਗ ਵੱਲੋ ਆਰੰਭ ਕੀਤੇ ਤਿੰਨ ਮਹੀਨੇ ਦੇ ਫਰੀ ਸਰਟੀਫਿਕੇਟ ਕੋਰਸ ਲਾਈਫ਼ ਲੌਂਗ ਲਰਨਿੰਗ ਪ੍ਰੋਗਰਾਮ ਦੇ ਤਿੰਨ ਮਹੀਨੇ ਮੁਕੰਮਲ ਹੋਣ ਤੇ ਬੱਚਿਆਂ ਨੂੰ ਸਰਟੀਫਿਕੇਟਾਂ ਦੀ ਵੰਡ ਕੀਤੀ ਗਈ। ਇਸ ਪ੍ਰੋਗਰਾਮ ਦਾ ਉਦਘਾਟਨ, ਮੁੱਖ ਮਹਿਮਾਨ ਡਾ. ਮਹਿਲ ਸਿੰਘ ਜੀ ਪ੍ਰਿੰਸੀਪਲ ਖਾਲਸਾ ਕਾਲਜ ਅੰਮ੍ਰਿਤਸਰ, ਵੱਲੋਂ ਕੀਤਾ ਗਿਆ। ਮੁੱਖੀ ਵਿਭਾਗ ਪ੍ਰੋ.ਜਸਮੀਤ ਕੌਰ ਅਤੇ ਆਏ ਹੋਏ ਹੋਰ ਅਧਿਆਪਕ ਸਾਹਿਬਾਨਾਂ ਵੱਲੋਂ ਮੁੱਖ ਮਹਿਮਾਨ ਜੀ ਦਾ ਫੁੱਲਾਂ ਦੇ ਗੁਲਦਸਤੇ ਦੇ ਕੇ ਉਹਨਾਂ ਦਾ ਸਵਾਗਤ ਕੀਤਾ ਗਿਆ।ਇਸ ਤਿੰਨ ਮਹੀਨੇ ਦੇ ਫਰੀ ਕੋਰਸ ਵਿੱਚ ਵਿਦਿਆਰਥੀਆਂ ਨੂੰ ਤਰ੍ਹਾਂ ਤਰ੍ਹਾਂ ਦੇ ਸਿਲਾਈ ਕਢਾਈ, ਨੀਟਿੰਗ, ਨੀਡਲ ਕਰਾਫਟ, ਫੂਡ ਪ੍ਰੀਜ਼ਰਵੇਸ਼ਣ ਅਤੇ ਸਰਫ ਬਣਾਉਣਾ ਆਦਿ ਦੇ ਹੁਨਰਾਂ ਤੋਂ ਜਾਣੂ ਕਰਵਾਇਆ ਗਿਆ।

ਮੁੱਖ ਮਹਿਮਾਨ ਪ੍ਰਿੰਸੀਪਲ ਡਾ. ਮਹਿਲ ਸਿੰਘ ਜੀ ਨੇ ਬੱਚਿਆਂ ਨੂੰ ਸੰਬੋਧਨ ਕਰਦੇ ਹੋਏ ਆਉਣ ਵਾਲੀ ਜਿੰਦਗੀ ਵਿੱਚ ਉੱਚ ਪੱਧਰ ਤੇ ਕਾਮਯਾਬੀ ਹਾਸਿਲ ਕਰਨ ਲਈ ਪ੍ਰੇਰਿਤ ਕੀਤਾ ਅਤੇ ਆਪਣਾ ਘਰ ਬੈਠੇ ਹੀ ਰੁਜ਼ਗਾਰ ਬਣਾਉਂਣ ਦਾ ਸਾਹਸ ਦਿੱਤਾ। ਉਹਨਾਂ ਨੇ ਫੈਸ਼ਨ ਡਿਜ਼ਾਇਨਿੰਗ ਵਿਭਾਗ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਇੰਚਾਰਜ ਵਿਭਾਗ ਪ੍ਰੋ.ਜਸਮੀਤ ਕੌਰ ਦੀ ਅਗਵਾਈ ਹੇਠ ਇਸ ਵਿਭਾਗ ਨੇ ਬਹੁਤ ਤਰੱਕੀ ਕੀਤੀ ਹੈ ਅਤੇ ਵਿਭਾਗ ਦਿਨੋਂ-ਦਿਨ ਤਰੱਕੀ ਦੀਆਂ ਬੁਲੰਦੀਆਂ ਨੂੰ ਛੂਹ ਰਿਹਾ ਹੈ। ਇਸ ਮੌਕੇ ਤੇ ਲਾਈਫ ਲੌਂਗ ਲਰਨਿੰਗ ਪ੍ਰੋਗਰਾਮ ਵਿਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੇ ਕਪੜਿਆਂ ਦੀ ਪ੍ਰਦਰਸ਼ਨੀ ਦਾ ਆਯੋਜਨ ਕੀਤਾ। ਇਸ ਪ੍ਰਦਰਸ਼ਨੀ ਵਿਚ ਬੱਚਿਆਂ ਨੇ ਕਟਿੰਗ ਸਟੀਚਿੰਗ, ਬਲਾੱਕ ਪ੍ਰਿੰਟਿੰਗ, ਹੈਂਡ ਪੇਂਟਿੰਗ ਕਢਾਈਆਂ, ਕਰੋਸ਼ੀਆ,ਨੀਡਲ ਕਰਾਫ਼ਟ ਦੇ ਨਾਲ ਨਾਲ ਆਚਾਰ, ਮੁਰਾਬੇ, ਸ਼ਰਬਤ, ਚੱਟਨੀਆਂ ਅਤੇ ਸਰਫ਼ ਬਣਾਉਂਣਾ ਆਦਿ ਦੇ ਕੰਮਾਂ ਨੂੰ ਪ੍ਰਦਰਸ਼ਨੀ ਵਿਚ ਦਰਸ਼ਾਇਆ।

ਇਸ ਸਰਟੀਫਿਕੇਟ ਵੰਡ ਸਮਾਰੋਹ ਵਿੱਚ ਖਾਲਸਾ ਕਾਲਜ ਦੇ ਮੈਡਮ ਸੁਖਮੀਨ ਬੇਦੀ ਜੀ ( ਡੀਨ ਅਕਾਦਮਿਕ ਮਾਮਲੇ), ਮੈਡਮ ਨਵਨੀਨ ਕੌਰ ਬਾਵਾ ਜੀ( ਓ.ਐਸ.ਡੀ ਅਤੇ ਲਾਈਫ ਲੌਂਗ ਲਰਨਿੰਗ ਪ੍ਰੋਗਰਾਮ ਦੇ ਕੋਆਰਡੀਨੇਟਰ), ਡਾ. ਐਮ.ਐਸ. ਬਤਰਾ ਜੀ ਡੀਨ ਸਾਇੰਸਜ਼, ਡਾ. ਜੇ. ਐਸ. ਅਰੋੜਾ ਜੀ ਡੀਨ ਕਾਮਰਸ, ਸ. ਸੁਖਦੇਵ ਸਿੰਘ ਜੀ(ਇੰਚਾਰਜ ਲਾਇਬਰੇਰੀ), ਡਾ. ਤਮਿੰਦਰ ਸਿੰਘ ਭਾਟੀਆ ਜੀ( ਡਿਪਟੀ ਕੰਟਰੋਲਰ ਐਗਜ਼ਾਮੀਨੇਸ਼ਨ), ਮੈਡਮ ਗੁਰਸ਼ਰਨ ਕੌਰ(ਇੰਚਾਰਜ ਫੂਡ ਪ੍ਰਸੈਸਿੰਗ) ਅਤੇ ਹੋਰ ਆਏ ਹੋਏ ਹੋਰ ਵਿਭਾਗਾਂ ਦੇ ਅਧਿਆਪਕ ਸਾਹਿਬਾਨ ਸ਼ਾਮਿਲ ਹੋਏ।

ਇੰਚਾਰਜ ਵਿਭਾਗ ਪ੍ਰੋ. ਜਸਮੀਤ ਕੌਰ ਵੱਲੋਂ ਸਭ ਦਾ ਨਿੱਘਾ ਸਵਾਗਤ ਕੀਤਾ ਗਿਆ। ਮੈਡਮ ਨਵਨੀਨ ਕੌਰ ਬਾਵਾ ਜੀ ਵੱਲੋਂ ਸਭ ਦਾ ਇਸ ਪ੍ਰੋਗਰਾਮ ਵਿਚ ਸ਼ਾਮਿਲ ਹੋਣ ਲਈ ਧੰਨਵਾਦ ਕੀਤਾ ਗਿਆ।